# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

## ਨੋਟਿਸ

ਮਾਨਯੋਗ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਕੀਤੇ ਹੁਕਮਾਂ ਅਨੁਸਾਰ ਮਾਸਟਰ/ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਰਿਵਿਊ ਕਰਨ ਦੇ ਆਦੇਸ ਦਿੱਤੇ ਗਏ ਸਨ।

ਉਪਰੋਕਤ ਹੁਕਮਾਂ ਦੇ ਸਨਮੁੱਖ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕਰਕੇ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਪਾ ਦਿੱਤੀ ਗਈ ਹੈ। ਇਸ ਸੀਨੀਆਰਾਤਾ ਸੂਚੀ ਵਿਚ ਲੜੀ ਨੰ: 1 ਤੋਂ 33922 ਤੱਕ ਸਾਲ 2014 ਤੱਕ ਦੇ ਰੈਗੂਲਰ ਮਾਸਟਰ/ ਮਿਸਟ੍ਰੈਸ ਦੇ ਨਾਮ ਸਾਮਲ ਕੀਤੇ ਗਏ ਹਨ। ਇਸ ਸੀਨੀਆਰਤਾ ਸੂਚੀ ਦੇ ਕੁਲ 1744 ਪੰਨੇ ਹਨ। ਜੇਕਰ ਇਸ ਸੀਨੀਆਰਤਾ ਸੂਚੀ ਵਿਚ ਕਿਸੇ ਅਧਿਆਪਕ ਦੇ ਵੇਰਵੇ ਦਰਜ ਹੋਣ ਤੋ ਰਹਿ ਗਏ ਹੋਣ ਜਾ ਕਿਸੇ ਅਧਿਆਪਕ ਦੇ ਵੇਰਵੇ ਅਧੂਰੇ ਹੋਣ, ਜਾਂ ਕਿਸੇ ਅਧਿਆਪਕ ਨੂੰ ਇਸ ਸਬੰਧੀ ਕੋਈ ਇਤਰਾਜ ਹੋਵੇ ਉਹ ਅਜਿਹੇ ਇਤਰਾਜ ਨਾਲ ਨੱਥੀ ਪ੍ਰਫਾਰਮੇ ਵਿਚ ਮੁਕੰਮਲ ਵੇਰਵੇ ਸਹਿਤ ਮਿਤੀ 20-09-2017 ਤੱਕ, ਇਤਰਾਜਾਂ ਦੇ ਪੱਖ ਵਿੱਚ ਦਸਤਾਵੇਜੀ ਸਬੂਤ (ਹਰ ਇਕ ਅਧਿਆਪਕ ਵਲੋ ਇਕ ਹੀ ਪੀ.ਡੀ.ਐਫ ਫਾਇਲ ਤਿਆਰ ਕਰਕੇ ਨੱਥੀ ਕੀਤੀ ਜਾਵੇ) ਦਿੰਦੇ ਹੋਏ, ਡਾਇਰੈਕਟੋਰੇਟ ਵਿਖੇ ਈਮੇਲ mastercadreseniority@gmail.com ਤੇ ਭੇਜ ਸਕਦੇ ਹਨ। ਮਿਤੀ 20-09-2017 ਤੋ ਬਾਅਦ ਪ੍ਰਾਪਤ ਕਿਸੇ ਵੀ ਇਤਰਾਜ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

7/9/17

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ-07-09-2017